ਸ਼ਿਵ ਜਯੰਤੀ ਦੀ ਗਿਫ਼ਟ - ਮਿਹਨਤ ਨੂੰ ਛੱਡ ਮੁਹੱਬਤ ਦੇ ਝੂਲੇ ਵਿੱਚ ਝੂਲੋ

ਅੱਜ ਖੁਦ ਸ਼ਿਵ ਪਿਤਾ ਆਪਣੇ ਚਾਰੋਂ ਪਾਸੇ ਦੇ ਆਏ ਹੋਏ ਬੱਚਿਆਂ ਨਾਲ ਆਪਣੀ ਜਯੰਤੀ ਮਨਾਉਣ ਆਏ ਹਨ। ਕਿੰਨਾ ਬੱਚਿਆਂ ਦਾ ਭਾਗ ਹੈ ਜੋ ਖੁਦ ਬਾਪ ਮਿਲਣ ਮਨਾਉਣ ਆਏ ਹਨ। ਦੁਨੀਆਂ ਵਾਲੇ ਤਾਂ ਪੁਕਾਰਦੇ ਰਹਿੰਦੇ ਹਨ - ਆਓ, ਕਦੋਂ ਆਓਗੇ, ਕਿਸ ਰੂਪ ਵਿੱਚ ਆਓਗੇ, ਆਹਵਾਨ ਕਰਦੇ ਰਹਿੰਦੇ ਹਨ ਅਤੇ ਤੁਸੀਂ ਬੱਚਿਆਂ ਨੂੰ ਖੁਦ ਬਾਪ ਮਨਾਉਣ ਆਏ ਹਨ। ਅਜਿਹਾ ਵਚਿੱਤਰ ਦ੍ਰਿਸ਼ ਕਦੀ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਵੇਗਾ, ਪਰ ਅੱਜ ਸਾਕਾਰ ਰੂਪ ਵਿੱਚ ਮਨਾਉਣ ਦੇ ਲਈ ਭੱਜ - ਭੱਜ ਕੇ ਪਹੁੰਚ ਗਏ ਹੋ। ਬਾਪ ਵੀ ਚਾਰੋਂ ਪਾਸੇ ਦੇ ਬੱਚਿਆਂ ਨੂੰ ਦੇਖ ਹਰਸ਼ਿਤ ਹੁੰਦੇ ਹਨ - ਵਾਹ ਸ਼ਾਲੀਗ੍ਰਾਮ ਬੱਚੇ ਵਾਹ! ਵਾਹ ਸਾਕਾਰ ਰੂਪਧਾਰੀ ਹੋਵਨਹਾਰ ਫਰਿਸ਼ਤਾ ਸੋ ਦੇਵਤਾ ਬੱਚੇ ਵਾਹ! ਭਗਤ ਬੱਚਿਆਂ ਅਤੇ ਤੁਸੀਂ ਗਿਆਨੀ ਤੂੰ ਆਤਮਾ ਬੱਚਿਆਂ ਵਿੱਚ ਕਿੰਨਾ ਫਰਕ ਹੈ। ਭਗਤ ਭਗਵਾਨ ਦਾ, ਅਲਪਕਾਲ ਦਾ ਫ਼ਲ ਪਾਕੇ ਖੁਸ਼ ਹੋ ਜਾਂਦੇ ਹਨ। ਵਾਹ - ਵਾਹ ਦੇ ਗੀਤ ਗਾਉਂਦੇ ਰਹਿੰਦੇ ਹਨ ਅਤੇ ਤੁਸੀ ਗਿਆਨੀ ਤੂੰ ਆਤਮਾਵਾਂ ਬੱਚੇ ਥੋੜ੍ਹਾ ਜਿਹਾ ਅਲਪਕਾਲ ਦਾ ਫ਼ਲ ਨਹੀਂ ਪਾਉਂਦੇ ਪਰ ਬਾਪ ਕੋਲ ਪੂਰਾ ਵਰਸਾ ਲੈਣ ਦੇ, ਵਰਸੇ ਦੇ ਅਧਿਕਾਰੀ ਬਣ ਜਾਂਦੇ ਹੋ। ਤਾਂ ਭਗਤ ਆਤਮਾਵਾਂ ਅਤੇ ਗਿਆਨੀ ਤੂੰ ਆਤਮਾਵਾਂ ਬੱਚਿਆਂ ਵਿੱਚ ਕਿੰਨਾ ਫਰਕ ਹੈ! ਮਨਾਉਂਦੇ ਭਗਤ ਵੀ ਹਨ ਅਤੇ ਤੁਸੀਂ ਵੀ ਆਏ ਹੋ ਪਰ ਮਨਾਉਣ ਵਿੱਚ ਕਿੰਨਾ ਫਰਕ ਹੈ! ਸ਼ਿਵ ਜਯੰਤੀ ਮਨਾਉਣ ਆਏ ਹੋ ਨਾ! ਭੱਜ - ਭੱਜ ਕੇ ਆਏ ਹਨ ਕੋਈ ਅਮੇਰਿਕਾ ਤੋਂ, ਕੋਈ ਲੰਡਨ ਤੋਂ, ਕੋਈ ਅਸਟ੍ਰੇਲੀਆਂ ਤੋਂ, ਕੋਈ ਏਸ਼ਿਆ ਤੋਂ, ਕਿੰਨਾ ਸਨੇਹ ਨਾਲ ਆਕੇ ਪਹੁੰਚੇ ਹਨ। ਤਾਂ ਬਾਪਦਾਦਾ, ਬਾਪ ਦੀ ਜਯੰਤੀ ਦੇ ਨਾਲ ਬੱਚਿਆਂ ਦੀ ਵੀ ਜਯੰਤੀ ਹੈ, ਤਾਂ ਬਾਪ ਦੇ ਨਾਲ ਬੱਚਿਆਂ ਦੀ ਵੀ ਜਯੰਤੀ ਦੀ ਮੁਬਾਰਕ ਹੋਵੇ, ਮੁਬਾਰਕ ਹੋਵੇ, ਮੁਬਾਰਕ ਹੋਵੇ ਕਿਉਂਕਿ ਇੱਕਲਾ ਬਾਪ ਇਸ ਸਾਕਾਰ ਦੁਨੀਆਂ ਵਿੱਚ ਸਿਵਾਏ ਬੱਚਿਆਂ ਦੇ ਕੋਈ ਵੀ ਕੰਮ ਕਰ ਨਹੀਂ ਸਕਦਾ। ਇਤਨਾ ਬੱਚਿਆਂ ਨਾਲ ਪਿਆਰ ਹੈ। ਇਕੱਲਾ ਕਰ ਹੀ ਨਹੀਂ ਸਕਦਾ। ਪਹਿਲੇ ਬੱਚਿਆਂ ਨੂੰ ਨਿਮਿਤ ਬਣਾਉਂਦੇ ਫਿਰ ਬੈਕਬੋਨ ਹੋਕੇ ਜਾਂ ਕੰਮਬਾਇੰਡ ਹੋਕੇ, ਕਰਾਵਨਹਾਰ ਹੋਕਰ ਨਿਮਿਤ ਬੱਚਿਆਂ ਨਾਲ ਕੰਮ ਕਰਾਉਂਦੇ ਹਨ। ਸਾਕਾਰ ਦੁਨੀਆਂ ਵਿੱਚ ਇਕੱਲਾ, ਬੱਚਿਆਂ ਦੇ ਬਿਨਾਂ ਨਹੀਂ ਪਸੰਦ ਕਰਦਾ। ਨਿਰਾਕਾਰੀ ਦੁਨੀਆਂ ਵਿੱਚ ਤਾਂ ਤੁਸੀਂ ਬੱਚੇ ਬਾਪ ਨੂੰ ਇੱਕਲਾ ਛੱਡਕੇ ਚਲੇ ਜਾਂਦੇ ਹੋ। ਬਾਪ ਦੀ ਆਗਿਆ ਨਾਲ ਹੀ ਜਾਂਦੇ ਹੋ ਪਰ ਸਾਕਾਰ ਦੁਨੀਆਂ ਵਿੱਚ ਬਾਪ ਬੱਚਿਆਂ ਦੇ ਬਿਨਾਂ ਰਹਿ ਨਹੀਂ ਸਕਦੇ। ਬੱਚੇ ਜਰੂਰ ਨਾਲ ਚਾਹੀਦੇ ਹਨ। ਬੱਚਿਆਂ ਦਾ ਵੀ ਵਾਇਦਾ ਹੈ ਨਾਲ ਰਹਿਣਗੇ, ਨਾਲ ਚੱਲਣਗੇ - ਸਿਰਫ਼ ਨਿਰਾਕਾਰੀ ਦੁਨੀਆਂ ਤੱਕ।

ਬਾਪਦਾਦਾ ਦੇਖ ਰਹੇ ਸਨ ਕਿ ਸਭ ਬੱਚਿਆਂ ਨੂੰ ਬਾਪ ਦੀ ਜਯੰਤੀ ਮਨਾਉਣ ਦਾ ਕਿੰਨਾ ਉਮੰਗ - ਉਤਸ਼ਾਹ ਹੈ। ਤਾਂ ਬਾਪ ਵੀ ਦੇਖੋ ਬੱਚਿਆਂ ਦੇ ਸਨੇਹ ਵਿੱਚ ਤੁਹਾਡੇ ਨਾਲ ਸਾਕਾਰ ਸ਼ਰੀਰ ਦਾ ਲੋਨ ਲੈਕੇ ਪਹੁੰਚ ਗਏ ਹਨ। ਇਸਨੂੰ ਕਹਿੰਦੇ ਹਨ ਅਲੌਕਿਕ ਪਿਆਰ। ਬੱਚੇ ਬਾਪ ਦੇ ਬਿਨਾਂ ਨਹੀਂ ਰਹੀ ਸਕਦੇ ਅਤੇ ਬਾਪ ਬੱਚਿਆਂ ਦੇ ਬਿਨਾਂ ਨਹੀਂ ਰਹਿ ਸਕਦੇ। ਪਿਆਰ ਵੀ ਅਤਿ ਹੈ ਅਤੇ ਫਿਰ ਨਿਆਰੇ ਵੀ ਅਤਿ ਹਨ, ਇਸਲਈ ਬਾਪ ਦੀ ਮਹਿਮਾ ਹੈ ਹੀ ਨਿਆਰਾ ਅਤੇ ਪਿਆਰਾ। ਬੱਚੇ ਬਾਪ ਦੇ ਲਈ ਬਹੁਤ ਕਿਸਮ ਦੀ ਗਿਫ਼ਟ ਭਾਵੇਂ ਕਾਰਡ, ਭਾਵੇਂ ਹੋਰ ਕੋਈ ਚੀਜ਼, ਭਾਵੇਂ ਦਿਲ ਦੇ ਉਮੰਗ ਦੇ ਪੱਤਰ, ਜੋ ਵੀ ਲਿਆਏ ਹਨ ਬਾਪ ਦੇ ਕੋਲ ਅੱਜ ਦੇ ਦਿਨ ਵਤਨ ਵਿੱਚ ਸਭ ਗਿਫ਼ਟ ਦਾ ਮਿਊਜ਼ੀਅਮ ਲੱਗਿਆ ਹੋਇਆ ਹੈ। ਤੁਹਾਡਾ ਮਿਊਜ਼ੀਅਮ ਹੈ ਸੇਵਾ ਦਾ ਅਤੇ ਬਾਪ ਦਾ ਮਿਊਜ਼ੀਅਮ ਹੈ ਸਨੇਹ ਦਾ। ਤਾਂ ਜੋ ਵੀ ਸਭ ਲਿਆਏ ਹਨ ਜਾਂ ਭੇਜੇ ਹਨ ਸਭਦਾ ਸਨੇਹ ਸੰਪੰਨ ਗਿਫ਼ਟ ਬਾਪ ਦੇ ਕੋਲ਼ ਹੁਣ ਵੀ ਮਿਊਜ਼ੀਅਮ ਲੱਗਿਆ ਹੋਇਆ ਹੈ। ਜਿਨ੍ਹਾਂ ਨੂੰ ਦੇਖ - ਦੇਖ ਬਾਪ ਹਰਸ਼ਿਤ ਰਹਿੰਦੇ ਹਨ। ਚੀਜ਼ ਵੱਡੀ ਨਹੀਂ ਹੈ ਪਰ ਜਦੋਂ ਚੀਜ ਵਿੱਚ ਸਨੇਹ ਭਰ ਜਾਂਦਾ ਹੈ ਉਹ ਛੋਟੀ ਚੀਜ਼ ਵੀ ਬਹੁਤ ਮਹਾਨ ਬਣ ਜਾਂਦੀ ਹੈ। ਤਾਂ ਬਾਪਦਾਦਾ ਚੀਜ਼ ਨੂੰ ਨਹੀਂ ਦੇਖਦੇ ਹਨ, ਕਾਗਜ਼ ਦੇ ਕਾਰਡ ਨੂੰ ਜਾਂ ਪੱਤਰ ਨੂੰ ਨਹੀਂ ਦੇਖਦੇ ਹਨ ਪਰ ਉਸ ਵਿੱਚ ਸਮਾਏ ਹੋਏ ਦਿਲ ਦੇ ਸਨੇਹ ਨੂੰ ਦੇਖਦੇ ਹਨ, ਇਸਲਈ ਕਿਹਾ ਕਿ ਬਾਪ ਦੇ ਕੋਲ ਸੇਨਹ ਦਾ ਮਿਊਜ਼ੀਅਮ ਹੈ। ਅਜਿਹਾ ਮਿਊਜ਼ੀਅਮ ਤੁਹਾਡੇ ਵਰਲਡ ਵਿੱਚ ਨਹੀਂ ਹੈ। ਹੈ ਅਜਿਹਾ ਮਿਊਜ਼ੀਅਮ? ਨਹੀਂ ਹੈ। ਜਦੋਂ ਬਾਪ ਇੱਕ -ਇੱਕ ਪਿਆਰ ਦੀ ਗਿਫ਼ਟ ਨੂੰ ਦੇਖਦੇ ਹਨ ਤਾਂ ਦੇਖਦੇ ਹੀ ਬੱਚਿਆਂ ਦੀ ਸੂਰਤ ਉਸ ਵਿੱਚ ਦਿਖਾਈ ਦਿੰਦੀ ਹੈ। ਅਜਿਹਾ ਕੈਮਰਾ ਹੈ ਤੁਹਾਡੇ ਕੋਲ? ਨਹੀਂ ਹੈ। ਗਿਫ਼ਟ ਨੂੰ ਦੇਖਦੇ ਹੋਏ ਬਾਪਦਾਦਾ ਨੂੰ ਇੱਕ ਸ਼ੁਭ ਸੰਕਲਪ ਉਠਿਆ, ਦੱਸਣ? ਕਰੋਗੇ, ਤਿਆਰ ਹੋ? ਸੋਚਣਾ ਨਹੀਂ।

ਬਾਪਦਾਦਾ ਨੂੰ ਸੰਕਲਪ ਉਠਿਆ ਇਹ ਗਿਫ਼ਟ ਤਾਂ ਬਾਪ ਦੇ ਕੋਲ ਪਹੁੰਚ ਗਈ ਪਰ ਨਾਲ ਬਾਪਦਾਦਾ ਨੂੰ ਇੱਕ ਹੋਰ ਵੀ ਗਿਫ਼ਟ ਚਾਹੀਦੀ ਹੈ। ਤੁਸੀਂ ਲੋਕਾਂ ਦੀ ਗਿਫ਼ਟ ਬਹੁਤ ਵਧੀਆ ਹੈ ਪਰ ਬਾਪਦਾਦਾ ਨੂੰ ਹੋਰ ਵੀ ਚਾਹੀਦੀ ਹੈ। ਤਾਂ ਦੇਵੋਗੇ ਗਿਫ਼ਟ? ਉਵੇਂ ਵੀ ਇਹ ਜੋ ਯਾਦਗਾਰ ਮਨਾਉਂਦੇ ਹਨ, ਸ਼ਿਵ ਜਯੰਤੀ ਮਤਲਬ ਕੁਝ ਨਾ ਕੁਝ ਅਰਪਣ ਕਰਦੇ ਹਨ। ਬਲਿਹਾਰ ਜਾਂਦੇ ਹਨ। ਤਾਂ ਬਾਪਦਾਦਾ ਨੇ ਸੋਚਿਆ, ਬਲਿਹਾਰ ਤਾਂ ਸਭ ਬੱਚੇ ਗਏ ਹਨ। ਬਲਿਹਾਰ ਹੋ ਗਏ ਹਨ ਜਾਂ ਹੁਣ ਥੋੜ੍ਹਾ - ਥੋੜ੍ਹਾ ਆਪਣੇ ਕੋਲ ਸੰਭਾਲਕੇ ਰੱਖਿਆ ਹੈ? ਅੱਜ ਦੇ ਦਿਨ ਵਰਤ ਵੀ ਲੈਂਦੇ ਹਨ। ਤਾਂ ਬਾਪਦਾਦਾ ਨੂੰ ਸੰਕਲਪ ਆਇਆ ਕਿ ਬੱਚੇ ਜੋ ਕਦੀ - ਕਦੀ ਥੋੜ੍ਹਾ ਜਿਹਾ ਚੱਲਦੇ - ਚੱਲਦੇ ਥੱਕ ਜਾਂਦੇ ਹਨ, ਮਿਹਨਤ ਬਹੁਤ ਮਹਿਸੂਸ ਕਰਦੇ ਹਨ ਜਾਂ ਨਿਰੰਤਰ ਯੋਗ ਲਗਾਉਣਾ ਮੁਸ਼ਕਿਲ ਅਨੁਭਵ ਕਰਦੇ ਹਨ, ਸੋਚਦੇ ਹਨ ਹੋ ਤਾਂ ਜਾਏਗਾ

…ਬਾਪ ਨੂੰ ਦਿਲਾਸੇ ਦਿੰਦੇ ਹਨ - ਤੁਸੀਂ ਫ਼ਿਕਰ ਨਹੀਂ ਕਰੋ, ਹੋ ਜਾਏਗਾ। ਪਰ ਬਾਪਦਾਦਾ ਨੂੰ ਬੱਚਿਆਂ ਦੀ ਥਕਾਵਟ ਅਤੇ ਇੱਕਲਾਪਨ ਜਾਂ ਕਦੀ - ਕਦੀ ਥੋੜ੍ਹਾ ਜਿਹਾ ਦਿਲਸ਼ਿਕਸਤ ਵੀ ਹੋ ਜਾਂਦੇ ਹਨ, ਪਤਾ ਨਹੀਂ ਸਾਡਾ ਭਾਗ ਹੈ ਜਾਂ ਨਹੀਂ ਹੈ… ਕਦੀ - ਕਦੀ ਇਵੇਂ ਸੋਚਦੇ ਹਨ ਤਾਂ ਇਹ ਬਾਪ ਨੂੰ ਚੰਗਾ ਨਹੀਂ ਲੱਗਦਾ। ਸਭਤੋਂ ਜ਼ਿਆਦਾ ਬਾਪ ਨੂੰ ਬੱਚਿਆਂ ਦੀ ਮਿਹਨਤ ਚੰਗੀ ਨਹੀਂ ਲੱਗਦੀ। ਮਾਲਿਕ ਅਤੇ ਮਿਹਤਨ! ਬਾਪ ਦੇ ਵੀ ਬਾਲਕ ਸੋ ਮਾਲਿਕ ਹਨ। ਭਗਵਾਨ ਦੇ ਵੀ ਮਾਲਿਕ ਅਤੇ ਫਿਰ ਮਿਹਨਤ ਕਰਨ! ਤਾਂ ਚੰਗਾ ਲੱਗੇਗਾ? ਸੁਣਨਾ ਵੀ ਚੰਗਾ ਨਹੀਂ ਲੱਗਦਾ। ਤਾਂ ਬਾਪ ਨੂੰ ਸੰਕਲਪ ਆਇਆ ਕਿ ਬੱਚੇ ਬਰਥ ਡੇ ਗਿਫ਼੍ਟ ਤਾਂ ਜਰੂਰ ਦਿੰਦੇ ਹੀ ਹਨ ਤਾਂ ਕਿਉਂ ਨਹੀਂ ਅੱਜ ਦੇ ਦਿਨ ਸਭ ਬੱਚੇ ਇਹ ਗਿਫ਼ਟ ਦੇ ਰੂਪ ਵਿੱਚ ਦੇਣ। ਉਹ ਸਥੂਲ ਗਿਫ਼ਟ ਜੋ ਦਿੱਤੀ ਉਹ ਤਾਂ ਵਤਨ ਵਿੱਚ ਇਮਰਜ਼ ਹੋ ਗਈ, ਪਰ ਨਿਰਾਕਾਰੀ ਦੁਨੀਆਂ ਵਿੱਚ ਤਾਂ ਇਹ ਗਿਫ਼ਟ ਇਮਰਜ਼ ਨਹੀਂ ਹੋਵੇਗੀ। ਉੱਥੇ ਤਾਂ ਸੰਕਲਪ ਦੀ ਗਿਫ਼ਟ ਪਹੁੰਚਦੀ ਹੈ। ਤਾਂ ਬਾਪ ਨੂੰ ਸੰਕਲਪ ਆਇਆ ਕਿ ਅੱਜ ਦੇ ਦਿਨ ਸਭ ਬੱਚਿਆਂ ਤੋਂ ਗਿਫ਼ਟ ਲੈਣੀ ਹੈ। ਤਾਂ ਗਿਫਟ ਦੇਣਗੇ ਜਾਂ ਦੇਕੇ ਫਿਰ ਉੱਥੇ ਜਾਕੇ ਵਾਪਿਸ ਲੈ ਲੈਣਗੇ? ਕਹਿਣਗੇ, ਮਧੂਬਨ ਦਾ ਮਧੂਬਨ ਵਿੱਚ ਰਿਹਾ ਅਤੇ ਆਪਣੇ ਦੇਸ਼ ਵਿੱਚ ਆਪਣਾ ਦੇਸ਼ ਹੈ, ਇਵੇਂ ਤਾਂ ਨਹੀਂ ਕਰਨਗੇ? ਬੱਚੇ ਬੜੇ ਚਤੁਰ ਹੋ ਗਏ ਹਨ। ਬਾਪ ਨੂੰ ਕਹਿੰਦੇ ਹਨ ਕਿ ਅਸੀਂ ਚਾਹੁੰਦੇ ਤਾਂ ਨਹੀਂ ਹਾਂ ਵਾਪਿਸ ਆਏ, ਪਰ ਆ ਜਾਂਦੀ ਹੈ। ਆ ਜਾਂਦੀ ਹੈ ਤਾਂ ਤੁਸੀਂ ਸਵੀਕਾਰ ਕਿਉਂ ਕਰਦੇ ਹੋ? ਆ ਜਾਂਦੀ ਹੈ ਇਹ ਰਾਈਟ ਹੈ, ਪਰ ਕੋਈ ਚੀਜ਼ ਤੁਹਾਨੂੰ ਪਸੰਦ ਨਹੀਂ ਹੈ ਅਤੇ ਕੋਈ ਜਬਰਦਸਤੀ ਵੀ ਦਵੇ ਤਾਂ ਤੁਸੀਂ ਲਵੋਂਗੇ ਜਾਂ ਵਾਪਿਸ ਦੇ ਦਵੋਂਗੇ? ਵਾਪਿਸ ਦਵੋਗੇ ਨਾ? ਤਾਂ ਸਵੀਕਾਰ ਕਿਉਂ ਕਰਦੇ ਹੋ? ਮਾਇਆ ਤੇ ਵਾਪਿਸ ਲਿਆਏਗੀ ਪਰ ਤੁਸੀਂ ਸਵੀਕਾਰ ਨਹੀਂ ਕਰੋ। ਇਵੇਂ ਦੀ ਹਿੰਮਤ ਹੈ? ਸੋਚਕੇ ਕਹੋ। ਫਿਰ ਉੱਥੇ ਜਾਕੇ ਨਹੀਂ ਕਹਿਣਾ - ਬਾਬਾ ਕੀ ਕਰੀਏ, ਚਾਹੁੰਦੇ ਨਹੀਂ ਹਾਂ ਪਰ ਹੋ ਗਿਆ। ਇਵੇਂ ਪੱਤਰ ਤੇ ਨਹੀਂ ਲਿਖੋਗੇ? ਤੁਹਾਡੀ ਹਿੰਮਤ ਅਤੇ ਬਾਪ ਦੀ ਮਦਦ। ਹਿੰਮਤ ਘੱਟ ਨਹੀਂ ਕਰਨਾ ਫਿਰ ਦੇਖੋ ਬਾਪ ਦੀ ਮਦਦ ਮਿਲਦੀ ਹੈ ਜਾਂ ਨਹੀਂ। ਸਭ ਨੂੰ ਅਨੁਭਵ ਵੀ ਹੈ ਹਿੰਮਤ ਰੱਖਣ ਨਾਲ ਬਾਪ ਦੀ ਮਦਦ ਸਮੇਂ ਤੇ ਮਿਲਦੀ ਹੈ ਅਤੇ ਮਿਲਦੀ ਹੀ ਹੈ, ਗਰੰਟੀ ਹੈ। ਹਿੰਮਤ ਤੁਹਾਡੀ ਮਦਦ ਬਾਪ ਦੀ। ਤਾਂ ਸੰਕਲਪ ਕੀ ਹੋਇਆ? ਚੇਹਰਾ ਦੇਖ ਰਹੇ ਹਨ - ਹਿੰਮਤ ਹੈ ਜਾਂ ਨਹੀਂ ਹੈ! ਹਿੰਮਤ ਵਾਲੇ ਤੇ ਹੋ, ਕਿਉਂਕਿ ਜੇਕਰ ਹਿੰਮਤ ਨਹੀਂ ਹੁੰਦੀ ਤਾਂ ਬਾਪ ਦੇ ਬਣਦੇ ਨਹੀਂ। ਬਣ ਗਏ - ਇਸਨਾਲ ਸਿੱਧ ਹੁੰਦਾ ਹੈ ਕਿ ਹਿੰਮਤ ਹੈ। ਸਿਰਫ਼ ਛੋਟੀ ਜਿਹੀ ਗੱਲ ਕਰਦੇ ਹੋ ਕਿ ਸਮੇਂ ਤੇ ਹਿੰਮਤ ਨੂੰ ਥੋੜਾ ਜਿਹਾ ਭੁੱਲ ਜਾਂਦੇ ਹੋ। ਜਦੋਂ ਕੁਝ ਹੋ ਜਾਂਦਾ ਹੈ ਪਿੱਛੇ ਹਿੰਮਤ ਅਤੇ ਮਦਦ ਯਾਦ ਆਉਂਦੀ ਹੈ। ਸਮੇਂ ਤੇ ਸਰਵ ਸ਼ਕਤੀਆਂ, ਸਮੇਂ ਪ੍ਰਮਾਣ ਯੂਜ਼ ਕਰਨਾ ਇਸਨੂੰ ਕਿਹਾ ਜਾਂਦਾ ਹੈ ਗਿਆਨੀ ਤੂੰ ਆਤਮਾ, ਯੋਗੀ ਤੂੰ ਆਤਮਾ।

ਬਾਪਦਾਦਾ ਨੂੰ ਇੱਕ ਗੱਲ ਦੀ ਬਹੁਤ ਖੁਸ਼ੀ ਹੈ, ਪਤਾ ਹੈ ਕਿਸ ਗੱਲ ਦੀ? ਬੋਲੋ। (ਬਹੁਤਿਆਂ ਨੇ ਸੁਣਾਇਆ) ਸਭ ਠੀਕ ਬੋਲ ਰਹੇ ਹੋ ਪਰ ਬਾਪ ਦਾ ਸੰਕਲਪ ਹੋਰ ਹੈ। ਤੁਸੀਂ ਬਹੁਤ ਗੁਹੇ ਸੁਣਾ ਰਹੇ ਹੋ, ਨਾਲੇਜ਼ਫੁੱਲ ਹੋ ਗਏ ਹੋ ਨਾ।

ਬਾਪਦਾਦਾ ਖੁਸ਼ ਹੋ ਰਹੇ ਸਨ ਕਿ ਕਈ ਬੱਚਿਆਂ ਨੇ ਪੱਤਰ ਅਤੇ ਚਿੱਟਕੀ ਲਿਖੀ ਕਿ ਅਸੀਂ 108 ਵਿੱਚ ਆਵਾਂਗੇ, ਬਹੁਤ ਚਿੱਟਕੀਆਂ ਆਈਆਂ ਹਨ। ਬਾਪਦਾਦਾ ਨੇ ਸੋਚਿਆ ਜਦੋਂ ਇੰਨੇ 108 ਵਿੱਚ ਆਉਣਗੇ, ਤਾਂ 108 ਦੀ ਮਾਲਾ ਪੰਜ ਲੜੀਆਂ ਦੀ ਬਣਾਉਣੀ ਪਵੇਗੀ। ਤਾਂ 5-6-7-8 ਲੜੀਆਂ ਦੀ ਮਾਲਾ ਬਣਾਵੇਂ ਨਾ? ਜਿਨ੍ਹਾਂ ਨੇ ਸੰਕਲਪ ਕੀਤਾ ਹੈ, ਲਕਸ਼ ਰੱਖਿਆ ਹੈ ਬਹੁਤ ਵਧੀਆ ਹੈ। ਪਰ ਇਸ ਸੰਕਲਪ ਨੂੰ ਵਿੱਚ - ਵਿੱਚ ਦ੍ਰਿੜ੍ਹ ਕਰਦੇ ਰਹਿਣਾ। ਢੀਲਾ ਨਹੀਂ। ਇਵੇਂ ਤਾਂ ਨਹੀਂ ਕਹੋਗੇ ਮਾਇਆ ਆ ਗਈ - ਹੁਣ ਪਤਾ ਨਹੀਂ ਆਵਾਂਗੇ ਜਾਂ ਨਹੀਂ! ਪਤਾ ਨਹੀਂ, ਪਤਾ ਨਹੀਂ …ਨਹੀਂ ਕਰਨਾ। ਪਤਾ ਕਰ ਲਿਆ, ਆਉਣਾ ਹੀ ਹੈ। ਦ੍ਰਿੜ੍ਹਤਾ ਦਾ ਠੱਪਾ ਲਗਾਉਂਦੇ ਰਹਿਣਾ। ਹਾਂ ਮੈਨੂੰ ਆਉਣਾ ਹੀ ਹੈ, ਕੁਝ ਵੀ ਹੋ ਜਾਏ, ਮੇਰਾ ਨਿਸ਼ਚੇ ਅਟਲ ਹੈ, ਅਖੰਡ ਹੈ। ਅਜਿਹਾ ਅਟਲ - ਅਖੰਡ ਨਿਸ਼ਚੇ ਹੈ? ਤਾਂ ਮਾਇਆ ਨੂੰ ਹਿਲਾਉਣ ਦੇ ਲਈ ਭੇਜੀਏ? ਨਹੀਂ? ਡਰਦੇ ਹੋ? ਮਾਇਆ ਤੁਹਾਡੇ ਤੋਂ ਡਰਦੀ ਹੈ ਤੁਸੀਂ ਮਾਇਆ ਤੋਂ ਡਰਦੇ ਹੋ? ਮਾਇਆ ਆਪਣੇ ਦਰਵਾਜ਼ੇ ਦੇਖਦੀ ਹੈ, ਇੱਥੇ ਖੁਲਿਆ ਹੋਇਆ ਹੈ, ਇੱਥੇ ਖੁਲਿਆ ਹੈ। ਲੱਭਦੀ ਰਹਿੰਦੀ ਹੈ। ਤੁਸੀਂ ਘਬਰਾਉਂਦੇ ਕਿਉਂ ਹੋ? ਮਾਇਆ ਕੁਝ ਨਹੀਂ ਹੈ। ਕੁਝ ਨਹੀਂ ਕਹੋ ਤਾਂ ਕੁਝ ਨਹੀਂ ਹੋ ਜਾਏਗੀ। ਆ ਨਹੀਂ ਸਕਦੀ, ਆ ਨਹੀਂ ਸਕਦੀ, ਤਾਂ ਆ ਨਹੀਂ ਸਕਦੀ। ਕੀ ਕਰੀਏ …? ਤਾਂ ਮਾਇਆ ਦਾ ਦਰਵਾਜਾ ਖੋਲ੍ਹਿਆ, ਆਹਵਾਨ ਕੀਤਾ। ਤਾਂ ਚੰਗੀ ਗੱਲ ਹੈ ਕਿ ਬਹੁਤ ਬੱਚਿਆਂ ਨੇ 108 ਵਿੱਚ ਆਉਣ ਦੀ ਪ੍ਰੋਮਿੱਸ ਕੀਤਾ ਹੈ। ਕੀਤਾ ਹੈ ਨਾ? ਜਿਨ੍ਹਾਂ ਨੇ ਕਿਹਾ ਹੈ ਕਿ ਅਸੀਂ 108 ਵਿੱਚ ਆਵਾਂਗੇ - ਉਹ ਲੰਬਾ ਹੱਥ ਉਠਾਓ। ਚੰਗੀ ਤਰ੍ਹਾਂ ਨਾਲ ਡਰਿੱਲ ਕਰੋ। ਬਹੁਤ ਚੰਗਾ, ਮੁਬਾਰਕ ਹੋ। ਇਹ ਨਹੀਂ ਸੋਚੋ ਕਿ 108 ਵਿੱਚ ਕਿੰਨੇ ਆਉਣਗੇ, ਅਸੀਂ ਕਿਥੋਂ ਆਵਾਂਗੇ,- ਇਹ ਨਹੀਂ ਸੋਚੋ। ਪਹਿਲੇ ਗਿਣਤੀ ਕਰਨ ਲਗ ਜਾਂਦੇ ਹਨ - ਦਾਦੀ ਆਏਗੀ, ਦਾਦੀਆਂ ਆਏਗੀ, ਫਿਰ ਦਾਦੇ ਵੀ ਆਓਣਗੇ, ਐਡਵਾਂਸ ਪਾਰਟੀ ਵਾਲੇ ਵੀ ਆਓਣਗੇ। ਸਾਡਾ ਨੰਬਰ ਆਏਗਾ ਜਾਂ ਨਹੀਂ, ਪਤਾ ਨਹੀਂ! ਬਾਪਦਾਦਾ ਨੇ ਕਿਹਾ ਕੀ ਬਾਪਦਾਦਾ 8 -10 ਲੜੀਆਂ ਦੀ ਮਾਲਾ ਬਣਾ ਦੇਣਗੇ, ਇਸਲਈ ਤੁਸੀਂ ਇਹ ਚਿੰਤਾ ਨਹੀਂ ਕਰੋ। ਹੋਰਾਂ ਨੂੰ ਨਹੀਂ ਦੇਖੋ, ਤੁਹਾਨੂੰ ਨੰਬਰ ਮਿਲ ਹੀ ਜਾਣਾ ਹੈ, ਇਹ ਬਾਪ ਦੀ ਗਰੰਟੀ ਹੈ। ਤੁਸੀਂ ਕਿਨਾਰਾ ਨਹੀਂ ਕਰਨਾ। ਮਾਲਾ ਦੇ ਵਿੱਚ ਧਾਗਾ ਖਾਲੀ ਨਹੀਂ ਕਰਨਾ। ਇੱਕ ਦਾਣਾ ਵਿੱਚ ਤੋਂ ਟੁੱਟ ਜਾਏ, ਨਿਕਲ ਜਾਏ ਤਾਂ ਮਾਲਾ ਚੰਗੀ ਨਹੀਂ ਲੱਗੇਗੀ। ਸਿਰਫ਼ ਇਹ ਨਹੀਂ ਕਰਨਾ, ਬਾਕੀ ਬਾਬਾ ਦੀ ਗਰੰਟੀ ਹੈ ਤੁਸੀਂ ਜਰੂਰ ਆਓਗੇ।

ਅੱਜ ਤਾਂ ਮਨਾਉਣ ਆਏ ਹਨ, ਮੁਰਲੀ ਚਲਾਉਣ ਥੋੜੀ ਹੀ ਆਏ ਹਨ। ਤਾਂ ਹੋਰ ਜੋ ਵੀ ਹੋਵੇ ਉਹ ਮਾਲਾ ਵਿੱਚ ਆ ਜਾਓ. 108 ਦੀ ਮਾਲਾ ਵਿੱਚ ਸਭਨੂੰ ਵੇਲਕਮ ਹੈ। ਇਹ ਤਾਂ ਭਗਤੀ ਮਾਰਗ ਵਾਲਿਆਂ ਨੇ 108 ਦੀ ਮਾਲਾ ਬਣਾ ਲਈ। ਬਾਪਦਾਦਾ ਤਾਂ ਕਿੰਨੀ ਵੀ ਵਧਾ ਸਕਦਾ ਹੈ। ਸਿਰਫ਼ ਇਸ ਵਿੱਚ ਗਿਫ਼੍ਟ ਤਾਂ ਬਾਪ ਜਰੂਰ ਲਵੇਗਾ, ਗਿਫ਼੍ਟ ਨੂੰ ਨਹੀਂ ਛੱਡੇਗਾ। ਛੋਟੀ ਜਿਹੀ ਗਿਫ਼ਟ ਹੈ ਕੋਈ ਵੱਡੀ ਨਹੀਂ ਹੈ, ਕਿਉਂਕਿ ਬਾਪ ਨੇ ਸਭ ਬੱਚਿਆਂ ਦਾ 6 ਮਹੀਨੇ ਦਾ ਚਾਰਟ ਦੇਖਿਆ। ਤਾਂ ਕੀ ਦੇਖਿਆ? ਜੇਕਰ ਕੋਈ ਵੀ ਬੱਚਾ ਥੋੜਾ ਥੱਲੇ -ਉਪਰ ਹੁੰਦੇ

ਹਨ, ਅਚਲ ਤੋ ਹਲਚਲ ਵਿੱਚ ਆਉਂਦੇ ਹਨ ਤਾਂ ਉਸਦਾ ਕਾਰਣ ਕੀ ਦੇਖਿਆ? ਜੇਕਰ ਕੋਈ ਵੀ ਬੱਚਾ ਥੋੜ੍ਹਾ ਵੀ ਥੋੜ੍ਹਾ - ਉੱਪਰ ਹੁੰਦੇ ਹਨ, ਅਚਲ ਤੋਂ ਹਲਚਲ ਵਿੱਚ ਆਉਂਦੇ ਹਨ ਤਾਂ ਉਸਦਾ ਕਾਰਣ ਸਿਰਫ਼ 3 ਗੱਲਾਂ ਮੁਖ ਹੈ, ਉਹ ਤਿੰਨ ਗੱਲ ਵੱਖ - ਵੱਖ ਸਮੱਸਿਆ ਜਾਂ ਪਰਿਸਥਿਤੀ ਬਣਕੇ ਆਉਂਦੀ ਹੈ। ਉਹ ਤਿੰਨ ਗੱਲਾਂ ਕੀ ਹਨ?

ਅਸ਼ੁਭ ਅਤੇ ਵਿਅਰਥ ਸੋਚਨਾ। ਅਸ਼ੁਭ ਜਾਂ ਵਿਅਰਥ ਬੋਲਣਾ ਅਤੇ ਅਸ਼ੁਭ ਜਾਂ ਵਿਅਰਥ ਕਰਨਾ। ਸੋਚਣਾ, ਬੋਲਣਾ ਅਤੇ ਕਰਨਾ - ਇਸ ਵਿੱਚ ਟਾਇਮ ਵੇਸ੍ਟ ਬਹੁਤ ਹੁੰਦਾ ਹੈ। ਹੁਣ ਵਿਕਰਮ ਘਟ ਹੁੰਦੇ ਹਨ, ਵਿਅਰਥ ਜ਼ਿਆਦਾ ਹੁੰਦੇ ਹਨ। ਵਿਅਰਥ ਦਾ ਤੂਫਾਨ ਹਿਲਾ ਦਿੰਦਾ ਹੈ ਅਤੇ ਪਹਿਲੇ ਸੋਚ ਵਿੱਚ ਆਉਂਦਾ ਹੈ, ਫਿਰ ਬੋਲ ਵਿੱਚ ਆਉਂਦਾ ਹੈ, ਫਿਰ ਕਰਮ ਵਿੱਚ ਆਉਂਦਾ ਹੈ ਅਤੇ ਰਿਜ਼ਲਟ ਵਿੱਚ ਦੇਖਿਆ ਤਾਂ ਕਿਸੇ ਦਾ ਬੋਲ ਅਤੇ ਕਰਮ ਵਿੱਚ ਨਹੀਂ ਆਉਂਦਾ ਹੈ ਪਰ ਸੋਚਣ ਵਿੱਚ ਬਹੁਤ ਆਉਂਦਾ ਹੈ। ਜੋ ਸਮਾਂ ਬਨਾਉਣ ਦਾ ਹੈ, ਉਹ ਸੋਚਣ ਵਿੱਚ ਬੀਤ ਜਾਂਦਾ ਹੈ । ਤਾਂ ਬਾਪਦਾਦਾ ਅੱਜ ਇਹ ਤਿੰਨ ਗੱਲਾਂ ਸੋਚਣਾ, ਬੋਲਣਾ ਅਤੇ ਕਰਨਾ - ਇਹਨਾਂ ਦੀ ਗਿਫ਼੍ਟ ਸਭ ਤੋਂ ਲੈਣਾ ਚਾਹੁੰਦੇ ਹਨ। ਤਿਆਰ ਹੋ? ਜਿਨ੍ਹਾਂ ਨੇ ਦੇ ਦਿੱਤੀ ਉਹ ਹੱਥ ਉਠਾਓ। ਹੱਥ ਦਾ ਵੀਡੀਓ ਚੰਗੀ ਤਰ੍ਹਾਂ ਨਾਲ ਇੱਕ -ਇੱਕ ਸਾਈਡ ਦਾ ਕੱਢੋ। ਵੱਡਾ ਹੱਥ ਉਠਾਓ। ਡ੍ਰਿਲ ਨਹੀਂ ਕਰਦੇ ਹੋ ਇਸਲਈ ਮੋਟੇ ਹੋ ਜਾਂਦੇ ਹਨ। ਅੱਛਾ, ਸਭ ਨੇ ਇਹ ਦੇ ਦਿੱਤਾ। ਵਾਪਿਸ ਨਹੀਂ ਲੈਣਾ। ਇਹ ਨਹੀਂ ਕਹਿਣਾ ਕਿ ਮੁਖ ਤੋਂ ਨਿਕਲ ਗਿਆ, ਕੀ ਕਰੀਏ? ਮੁਖ ਤੋਂ ਦ੍ਰਿੜ੍ਹ ਸੰਕਲਪ ਦਾ ਬਟਨ ਲਗਾ ਦੋ। ਦ੍ਰਿੜ੍ਹ ਸੰਕਲਪ ਦਾ ਬਟਨ ਤਾਂ ਹੈ ਨਾ? ਕਿਉਂਕਿ ਬਾਪਦਾਦਾ ਨੂੰ ਬੱਚਿਆਂ ਨਾਲ ਪਿਆਰ ਹੈ ਨਾ। ਤਾਂ ਪਿਆਰ ਦੀ ਨਿਸ਼ਾਨੀ ਹੈ, ਪਿਆਰ ਵਾਲੇ ਦੀ ਮਿਹਨਤ ਨਹੀਂ ਦੇਖ ਸਕਦੇ। ਬਾਪਦਾਦਾ ਤਾਂ ਉਸ ਵੇਲੇ ਇਹ ਹੀ ਸੋਚਦੇ ਕਿ ਬਾਪਦਾਦਾ ਸਾਕਾਰ ਵਿੱਚ ਜਾਕੇ ਇਨ੍ਹਾਂ ਨੂੰ ਕੁਝ ਬੋਲਣ, ਲੇਕਿਨ ਹੁਣ ਤਾਂ ਆਕਾਰੀ, ਨਿਰਾਕਾਰੀ ਹਨ। ਬਿਲਕੁਲ ਸਾਰੇ ਮਿਹਨਤ ਤੋਂ ਦੂਰ ਮੁਹੱਬਤ ਦੇ ਝੂਲੇ ਵਿੱਚ ਝੂਲਦੇ ਰਹੋ। ਜਦ ਮੁਹੱਬਤ ਦੇ ਝੂਲੇ ਵਿੱਚ ਝੂੱਲਦੇ ਰਹੋਗੇ ਤਾਂ ਮਿਹਨਤ ਖਤਮ ਹੋ ਜਾਵੇਗੀ। ਮਿਹਨਤ ਨੂੰ ਖਤਮ ਕਰੇ, ਖਤਮ ਕਰੇਂ ਨਹੀਂ ਸੋਚੋ। ਸਿਰਫ ਮੁਹੱਬਤ ਦੇ ਝੂਲੇ ਵਿੱਚ ਬੈਠ ਜਾਵੋ, ਮਿਹਨਤ ਆਪੇ ਹੀ ਛੁੱਟ ਜਾਵੇਗੀ, ਛੱਡਣ ਦੀ ਕੋਸ਼ਿਸ਼ ਨਹੀਂ ਕਰੋ, ਬੈਠਨ ਦੀ, ਝੂਲਣ ਦੀ ਕੋਸ਼ਿਸ਼ ਕਰੋ।

ਸ਼ਿਵ ਜਯੰਤੀ ਮਤਲਬ ਬੱਚਿਆਂ ਦੀ ਮਿਹਨਤ ਸਮਾਪਤ ਜਯੰਤੀ। ਠੀਕ ਹੈ ਨਾ? ਬਾਪ ਨੂੰ ਵੀ ਬੱਚਿਆਂ ਤੇ ਫੇਥ ਹੈ। ਪਤਾ ਨਹੀਂ ਕਿਵੇਂ ਕੋਈ - ਕੋਈ ਕਿਨਾਰਾ ਕਰ ਲੈਂਦੇ ਗਨ ਜੋ ਬਾਪ ਨੂੰ ਵੀ ਪਤਾ ਨਹੀਂ ਪੈਂਦਾ। ਛਤ੍ਰਛਾਇਆ ਦੇ ਅੰਦਰ ਬੈਠੇ ਰਹੋ। ਬ੍ਰਾਹਮਣ ਜੀਵਨ ਦਾ ਅਰਥ ਹੀ ਹੈ ਝੂਲਣਾ, ਮਾਇਆ ਵਿੱਚ ਨਹੀਂ। ਮਾਇਆ ਵੀ ਝੁਲਾਉਂਦੀ ਹੈ। ਅੰਮ੍ਰਿਤਵੇਲੇ ਵੇਖੋ ਮਾਇਆ ਇਵੇਂ ਝੁਲਾਉਂਦੀ ਹੈ ਜੋ ਸੂਖਸ਼ਮ ਵਤਨ ਵਿਚ ਆਉਣ ਦੀ ਬਜਾਏ, ਨਿਰਾਕਾਰੀ ਦੁਨੀਆ ਵਿਚ ਆਉਣ ਦੀ ਬਜਾਏ ਨਿਦ੍ਰਾਲੋਕ ਵਿੱਚ ਚਲੇ ਜਾਂਦੇ ਹਨ। ਕਹਿੰਦੇ ਹਨ ਯੋਗ ਡਬਲ ਲਾਈਟ ਬਣਾਉਂਦਾ ਹੈ ਲੇਕਿਨ ਮੱਥਾ ਭਾਰੀ ਹੋ ਜਾਂਦਾ ਹੈ। ਤਾਂ ਮਾਇਆ ਵੀ ਝੂਲਾ ਝੁਲਾਉਂਦੀ ਹੈ ਲੇਕਿਨ ਮਾਇਆ ਦੇ ਝੂਲੇ ਵਿੱਚ ਨਹੀਂ ਝੂਲਣਾ। ਅਧਾਕਲਪ ਤਾਂ ਮਾਇਆ ਦੇ ਝੂਲੇ ਵਿੱਚ ਖੂਬ ਝੂਲਕੇ ਵੇਖਿਆ ਹੈ ਨਾ। ਕੀ ਮਿਲਿਆ? ਮਿਲਿਆ ਕੁਝ? ਥੱਕ ਗਏ ਨਾ! ਹੁਣ ਅਤਿੰਦ੍ਰੀਏ ਸੁਖ ਦੇ ਝੂਲੇ ਵਿੱਚ ਝੂਲੋ। ਸ਼ਕਤੀਆਂ ਦੀਆਂ ਅਨੁਭੂਤੀਆਂ ਦੇ ਝੂਲੇ ਵਿੱਚ ਝੂਲੋ। ਇਤਨੇ ਝੂਲੇ ਤੁਹਾਨੂੰ ਮਿਲੇ ਹਨ ਜੋ ਇਥੋਂ ਦੇ ਪ੍ਰਿੰਸ - ਪ੍ਰਿੰਸੀਜ਼ ਨੂੰ ਵੀ ਨਹੀਂ ਹੋਣਗੇ। ਭਾਵੇਂ ਜਿਸ ਝੂਲੇ ਵਿੱਚ ਝੂਲੋ। ਹੁਣ ਪ੍ਰੇਮ ਦੇ ਝੂਲੇ ਵਿੱਚ ਝੂਲੋ, ਹੁਣ ਆਨੰਦ ਦੇ ਝੂਲੇ ਵਿੱਚ ਝੂਲੋ। ਹੁਣ ਗਿਆਨ ਦੇ ਝੂਲੇ ਵਿੱਚ ਝੂਲੋ। ਕਿੰਨੇ ਝੂਲੇ ਹਨ! ਅਣਗਿਣਤ। ਤਾਂ ਝੂਲੇ ਤੋਂ ਉਤਰੋ ਨਹੀਂ। ਜੋ ਲਾਡਲੇ ਹੁੰਦੇ ਹਨ ਨਾ ਤਾਂ ਮਾਂ - ਬਾਪ ਇਹ ਹੀ ਚਾਉਂਦੇ ਹਨ ਕਿ ਬੱਚੇ ਦਾ ਪੈਰ ਮਿੱਟੀ ਵਿਚ ਨਾ ਪਵੇ ਜਾਂ ਗੋਦੀ ਵਿੱਚ ਹੋਵੇ ਜਾਂ ਝੂਲੇ ਵਿੱਚ ਹੋਵੇ ਜਾਂ ਗਲੀਚਿਆਂ ਤੇ ਹੋਵੇ। ਮਿੱਟੀ ਵਿੱਚ ਪੈਰ ਨਹੀਂ ਜਾਵੇ। ਇਵੇਂ ਹੁੰਦਾ ਹੈ ਨਾ? ਤਾਂ ਤੁਸੀਂ ਕਿੰਨੇ ਲਾਡਲੇ ਹੋ! ਤੁਹਾਡੇ ਵਰਗਾ ਲਾਡਲਾ ਕੋਈ ਹੈ? ਪਰਮਾਤਮ ਲਾਡਲੇ ਬੱਚੇ ਜੇਕਰ ਦੇਹਭਾਨ ਵਿੱਚ ਆਉਂਦੇ ਹਨ ਤਾਂ ਦੇਹ ਕੀ ਹੈ? ਮਿੱਟੀ ਹੈ ਨਾ! ਦੇਹ ਨੂੰ ਕੀ ਕਹਿੰਦੇ ਹਨ? ਮਿੱਟੀ, ਮਿੱਟੀ ਵਿੱਚ ਮਿਲ ਜਾਵੇਗੀ। ਤਾਂ ਇਹ ਮਿੱਟੀ ਹੈ ਨਾ। ਮਿੱਟੀ ਵਿੱਚ ਪੈਰ ਕਿਓਂ ਰੱਖਦੇ ਹੋ? ਮਿੱਟੀ ਚੰਗੀ ਲਗਦੀ ਹੈ? ਕਈ ਬੱਚਿਆਂ ਨੂੰ ਮਿੱਟੀ ਚੰਗੀ ਲਗਦੀ ਹੈ, ਕਈ ਮਿੱਟੀ ਖਾਂਦੇ ਵੀ ਹਨ। ਲੇਕਿਨ ਤੁਸੀਂ ਨਹੀਂ ਖਾਣਾ, ਪੈਰ ਵੀ ਨਹੀਂ ਰੱਖੋ। ਸੰਕਲਪ ਆਉਣਾ ਪਟਲਬ ਪੈਰ ਰੱਖਣਾ। ਸੰਕਲਪ ਵਿੱਚ ਵੀ ਦੇਹ - ਭਾਨ ਨਹੀਂ ਆਵੇ। ਸੋਚੋ, ਯਾਦ ਰੱਖੋ ਕਿ ਅਸੀਂ ਕਿੰਨੇ ਲਾਡਲੇ ਹਾਂ, ਕਿਸ ਦੇ ਲਾਡਲੇ ਹਾਂ! ਸਤਿਯੁਗ ਵਿੱਚ ਵੀ ਪਰਮਾਤਮ ਲਾਡਲੇ ਨਹੀਂ ਹੋਣਗੇ। ਦਿਵਿਯ ਆਤਮਾਵਾਂ ਦੇ ਲਾਡਲੇ ਹੋਣਗੇ। ਲੇਕਿਨ ਇਸ ਵੇਲੇ ਪਰਮਾਤਮ ਬਾਪ ਦੇ ਲਾਡਲੇ ਹੋ। ਤਾਂ ਬੱਚਿਆਂ ਨੇ ਹਿੰਮਤ ਦੇ ਹੱਥ ਨਾਲ ਗਿਫ਼ਟ ਦਿੱਤੀ ਇਸਲਈ ਬਾਪਦਾਦਾ ਉਸ ਦੀ ਥੈਂਕਸ ਕਰਦੇ ਹਨ, ਸ਼ੁਕਰੀਆ, ਧੰਨਵਾਦ। ਅੱਛਾ।

ਚਾਰੋਂ ਪਾਸੇ ਦੇ ਅਤੀ - ਅਤੀ ਭਾਗਵਾਨ ਬੱਚੇ ਜੋ ਖੁਦ ਸ਼ਿਵ ਬਾਪ ਨਾਲ ਸ਼ਿਵਜਯੰਤੀ ਮਨਾ ਰਹੇ ਹਨ, ਅਜਿਹੇ ਪਦਮਗੁਣਾ ਤਾਂ ਕੀ ਲੇਕਿਨ ਜਿੰਨਾਂ ਵੀ ਜਿਆਦਾ ਤੋਂ ਜਿਆਦਾ ਕਹੋ ਉਹ ਵੀ ਘਟ ਹੈ। ਅਜਿਹੇ ਮਹਾਨ ਭਾਗਵਾਨ ਆਤਮਾਵਾਂ, ਸਦਾ ਬਾਪ ਦੀ ਆਗਿਆ ਤੇ ਹਰ ਕਦਮ ਰੱਖਣ ਵਾਲੇ ਬਾਪ ਦੇ ਸਨੇਹੀ ਅਤੇ ਸਮੀਪ ਆਤਮਾਵਾਂ, ਸਦਾ ਮਾਲਿਕਪਨ ਦੇ ਅਚਲ ਆਸਨ ਨਿਵਾਸੀ ਸੋ ਭਵਿੱਖ ਸਿੰਘਾਸਨ ਨਿਵਾਸੀ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਬਾਪ ਦੇ ਨਾਲ - ਨਾਲ ਮੌਜ ਨਾਲ ਮੁਹੱਬਤ ਦੇ ਝੂਲੇ ਵਿੱਚ ਝੂਲਦੇ ਹੋਏ ਨਾਲ ਚੱਲਣ ਵਾਲੇ ਅਜਿਹੇ ਬਾਪਦਾਦਾ ਦੇ ਸਾਥੀ ਬੱਚਿਆਂ ਨੂੰ ਬਾਪਦਾਦਾ ਦੇ ਬਰਥ ਡੇ ਦੀ ਮੁਬਾਰਕ ਅਤੇ ਯਾਦਪਿਆਰ ਸਵੀਕਾਰ ਹੋ, ਬਾਪ ਦਾ ਸਾਰੇ ਮਾਲਕਾਂ ਨੂੰ ਨਮਸਤੇ।

ਵਰਦਾਨ:- ਬ੍ਰਾਹਮਣ ਜੀਵਨ ਵਿਚ ਸਦਾ ਮਿਹਨਤ ਤੋਂ ਮੁਕਤ ਰਹਿਣ ਵਾਲੇ ਸਰਵ ਪ੍ਰਾਪਤੀ ਸੰਪੰਨ ਭਵ

ਇਸ ਬ੍ਰਾਹਮਣ ਜੀਵਨ ਵਿਚ ਦਾਤਾ, ਵਿਧਾਤਾ ਅਤੇ ਵਰਦਾਤਾ - ਤਿੰਨੋਂ ਸੰਬੰਧਾਂ ਤੋਂ ਇਤਨੇ ਸੰਪੰਨ ਬਣ ਜਾਂਦੇ ਹੋ ਜੋ ਬਿਨਾਂ ਮਿਹਨਤ ਰੂਹਾਨੀ ਮੌਜ ਵਿਚ ਰਹਿ ਸਕਦੇ ਹੋ। ਬਾਪ ਨੂੰ ਦਾਤਾ ਦੇ ਰੂਪ ਵਿਚ ਯਾਦ ਕਰੋ ਤਾਂ ਰੂਹਾਨੀ

ਅਧਿਕਾਰੀਪਨ ਦਾ ਨਸ਼ਾ ਰਹੇਗਾ। ਸਿੱਖਿਅਕ ਦੇ ਰੂਪ ਵਿਚ ਯਾਦ ਕਰੋ ਤਾਂ ਗਾਡਲੀ ਸਟੂਡੈਂਟ ਹਾਂ, ਇਸ ਭਾਗ ਦਾ ਨਸ਼ਾ ਰਹੇਗਾ ਅਤੇ ਸਤਿਗੁਰੂ ਹਰ ਕਦਮ ਵਿੱਚ ਵਰਦਾਨਾਂ ਨਾਲ ਚਲਾ ਰਿਹਾ ਹੈ। ਹਰ ਕਰਮ ਵਿੱਚ ਸ੍ਰੇਸ਼ਠ ਮਤ - ਵਰਦਾਤਾ ਦਾ ਵਰਦਾਨ ਹੈ। ਅਜਿਹੇ ਸਰਵ ਪ੍ਰਾਪਤੀਆਂ ਨਾਲ ਸੰਪੰਨ ਰਹੋ ਤਾਂ ਮਿਹਨਤ ਤੋਂ ਮੁਕਤ ਹੋ ਜਾਵੋਗੇ।

ਸਲੋਗਨ:- ਬੁੱਧੀ ਦਾ ਹਲਕਾਪਨ ਅਤੇ ਮਹਾਨਤਾ ਹੀ ਸਭ ਤੋਂ ਸੁੰਦਰ ਪ੍ਰਸਨੇਲਟੀ ਹੈ।

******

ਸੂਚਨਾ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਤੀਸਰਾ ਇਤਵਾਰ ਹੈ, ਸ਼ਾਮ 6.30 ਤੋਂ 7.30 ਵਜੇ ਤੱਕ ਸਾਰੇ ਭਾਈ - ਭੈਣ ਯੋਗ ਅਭਿਆਸ ਵਿੱਚ ਅਨੁਭਵ ਕਰਨ ਕਿ ਮੈਂ ਤਪੱਸਵੀ ਆਤਮਾ ਬੀਜਰੂਪ ਸ਼ਿਵਬਾਬਾ ਦੇ ਨਾਲ ਕਲਪ ਬ੍ਰਿਖ ਦੀ ਜੜ ਵਿੱਚ ਵਿਰਾਜਮਾਨ ਹਾਂ। ਬੀਜਰੂਪ ਬਾਬਾ ਤੋਂ ਪ੍ਰਾਪਤ ਸਰਵ ਸ਼ਕਤੀਆਂ ਮੇਰੇ ਦਵਾਰਾ ਸਾਰੇ ਕਲਪ ਬ੍ਰਿਖ ਅਤੇ ਪੱਤਿਆਂ ਰੂਪੀ ਆਤਮਾਵਾਂ ਤੱਕ ਪਹੁੰਚ ਰਹੀਆਂ ਹਨ, ਜਿਸ ਨਾਲ ਹਰ ਇੱਕ ਦਿਵਿਯ ਸ਼ਕਤੀਆਂ ਦਾ ਅਨੁਭਵ ਕਰ ਰਹੇ ਹਨ।